AQA

# GCSE
# PANJABI

# H

Higher Tier Paper 1 Listening Test Transcript

Tuesday 9 June 2020 Afternoon Time allowed: 45 minutes approximately (including 5 minutes' reading time before the test)

**FOR INVIGILATOR'S USE ONLY**

**The pauses are pre-recorded for this test.**

This is what you should do for each item.
- After the question number is announced, there will be a pause to allow you to read the instructions and questions.
- Listen carefully to the recording and read the questions again.
- Listen to the recording again and then answer the questions.
- When the next question is about to start you will hear a bleep like this (*).
- You may write at any time during the test.
- In **Section A**, answer the questions in **English**. In **Section B**, answer the questions in **Panjabi**.
- You must answer **all** the questions in the spaces provided. Do not write outside the box around each page or on blank pages.
- Write neatly and put down **all** the information you are asked to give.
- Ask any questions now. **You must not ask questions or interrupt during the test*.**
- You now have five minutes to read through the question paper. You may make notes during this time. You may open your answer book now.
- **The test starts now.**

Once the recording has started, the Invigilator must not pause it **at any time** as all pauses, including the five minutes' reading time, are pre-recorded.

*If candidates ask any questions at this point, the Invigilator should pause the recording until the questions have been answered. The recording should then be restarted.

**Section A**

Questions and answers in **English**.

**0 1** **F2** ਹਰਿੰਦਰ, ਅਪਣੇ ਸ਼ਹਿਰ ਬਾਰੇ ਕੁਝ ਦੱਸੋ।

**F1** ਸਰਕਾਰ ਦੇ ਯਤਨਾਂ ਨਾਲ ਸਾਡੇ ਸ਼ਹਿਰ ਵਿੱਚ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਦਾ ਵਾਤਾਵਰਣ ਸਾਫ ਹੋ ਗਿਆ ਹੈ ਪਰ ਇਸ ਨਾਲ ਦੁਕਾਨਾਂ ਬੰਦ ਹੋ ਜਾਣ ਕਰਕੇ ਚੰਗੀ ਖਰੀਦਦਾਰੀ ਕਰਨੀ ਮੁਸ਼ਕਿਲ ਹੋ ਗਈ ਹੈ। ਕਮਲ, ਆਪਣੇ ਸ਼ਹਿਰ ਬਾਰੇ ਵੀ ਕੁਝ ਦੱਸੋ।

**F2** ਸਾਡੇ ਸ਼ਹਿਰ ਵਿੱਚ ਯਾਤਰੀਆਂ ਦੇ ਦੇਖਣ ਲਈ ਬਹੁਤ ਮਸ਼ਹੂਰ ਥਾਂਵਾਂ ਹਨ ਜਿਸ ਕਰਕੇ ਘਰਾਂ ਦੀਆਂ ਕੀਮਤਾਂ ਇੰਨੀਆਂ ਵਧ ਗਈਆਂ ਹਨ ਕਿ ਨੌਜਵਾਨਾਂ ਨੂੰ ਘਰ ਖਰੀਦਣਾ ਮੁਸ਼ਕਲ ਹੋ ਰਿਹਾ ਹੈ।

**0 2** **M1** ਮੈਂ ਰਾਜ ਹਾਂ। ਮੈਂ ਹੱਸਮੁਖ ਅਧਿਆਪਕਾਂ ਨੂੰ ਬਹੁਤ ਪਸੰਦ ਕਰਦਾ ਹਾਂ ਕਿਉਂਕਿ ਪੜ੍ਹਾਈ ਦੇ ਨਾਲ ਨਾਲ ਅਸੀਂ ਇਹਨਾਂ ਦੇ ਲੈਸਨਾਂ ਦਾ ਆਨੰਦ ਵੀ ਮਾਣਦੇ ਹਾਂ।

**F1** ਮੇਰਾ ਨਾਂ ਅੰਮ੍ਰਿਤ ਹੈ। ਮੈਂ ਕਲਾਸ ਵਿੱਚ ਦੇਰ ਨਾਲ ਆਉਣ ਵਾਲੇ ਅਧਿਆਪਕਾਂ ਨੂੰ ਪਸੰਦ ਨਹੀਂ ਕਰਦੀ। ਅਧਿਆਪਕਾਂ ਨੂੰ ਹਮੇਸ਼ਾ ਸਮੇਂ ਦੇ ਪਾਬੰਦ ਹੋਣਾ ਚਾਹੀਦਾ ਹੈ।

**M2** ਮੈਂ ਮਨਜੋਤ ਹਾਂ। ਇੱਕ ਚੰਗਾ ਅਧਿਆਪਕ ਹਮੇਸ਼ਾ ਵਿਦਿਆਰਥੀਆਂ ਦੀ ਗੱਲ ਧਿਆਨ ਨਾਲ ਸੁਣਦਾ ਹੈ।

**0 3**
**Example** **F1** **ਸਾਡੇ ਸਕੂਲ ਵਿੱਚ ਵਿਦਿਆਰਥੀ ਇੱਕ ਸੰਗੀਤ ਪ੍ਰੋਗਰਾਮ ਕਰਕੇ ਬੱਚਿਆਂ ਦੇ ਖਿਡੌਣਿਆਂ ਲਈ ਪੈਸੇ ਇੱਕਠੇ ਕਰ ਰਹੇ ਹਨ।**

**0 3** **M1** ਸਾਡੇ ਸਕੂਲ ਦੇ ਵਿਦਿਆਰਥੀਆਂ ਨੇ ਵੀ ਦੀਵਾਲੀ ਤੇ ਬਜ਼ੁਰਗਾਂ ਦੇ ਸੈਂਟਰ ਵਿੱਚ ਇੱਕ ਭੰਗੜੇ ਦਾ ਸ਼ੋਅ ਕੀਤਾ ਸੀ। ਅਗਲੇ ਸਾਲ ਫਰਵਰੀ ਵਿੱਚ ਵਿਦਿਆਰਥੀ ਜਾਨਵਰਾਂ ਦੀ ਚੈਰਿਟੀ ਲਈ ਇੱਕ ਖੇਡਾਂ ਦੇ ਮੁਕਾਬਲੇ ਦਾ ਪ੍ਰਬੰਧ ਕਰਨਗੇ।

**0 4** **F1** ਅਨੀਤਾ, ਤੁਸੀਂ ਏ ਲੈਵਲ ਕਰਨ ਤੋਂ ਬਾਅਦ ਅੱਗੇ ਪੜ੍ਹਾਈ ਕਰਨ ਲਈ ਕਿੱਥੇ ਦਾਖਲਾ ਲੈ ਰਹੇ ਹੋ?

**F2** ਮੇਰੇ ਮਾਤਾ ਜੀ ਚਾਹੁੰਦੇ ਹਨ ਕਿ ਮੈਂ ਆਪਣੀ ਭੈਣ ਦੀ ਤਰ੍ਹਾਂ ਅਪਰੈਂਟਿਸਸ਼ਿਪ ਕਰਾਂ। ਪਰ ਮੇਰੇ ਪਿਤਾ ਜੀ ਚਾਹੁੰਦੇ ਹਨ ਕਿ ਮੈਂ ਅੱਗੇ ਪੜ੍ਹਾਈ ਕਰਾਂ। ਮੈਂ ਉਹ ਹੀ ਕਰਾਂਗੀ ਜੋ ਮੇਰਾ ਮਨ ਕਰਦਾ ਹੈ ਮੇਰੇ ਯੂਨੀਵਰਸਿਟੀ ਜਾਣ ਲਈ ਗਰੇਡ ਵੀ ਚੰਗੇ ਹਨ ਯੂਨੀਵਰਸਿਟੀ ਜਾਣਾ ਮੇਰੇ ਲਈ ਇੱਕ ਵਧੀਆ ਤਜਰਬਾ ਹੋਵੇਗਾ ਅਤੇ ਮੈਂ ਅਗਲੇ ਹਫਤੇ ਅਰਜ਼ੀ ਭੇਜਾਂਗੀ।

**0 5** **M2** ਸੋਸ਼ਲ ਮੀਡੀਆ ਲੋਕਾਂ ਨੂੰ ਆਪਣੇ ਖਿਆਲਾਂ ਬਾਰੇ ਵਿਚਾਰ - ਵਟਾਂਦਰਾ ਕਰਨ ਯੋਗ ਬਣਾਉਂਦੀ ਹੈ। ਲਗਭਗ ਨੱਬੇ ਪ੍ਰਤੀਸ਼ਤ ਲੋਕ ਰੋਜ਼ਾਨਾ ਸੋਸ਼ਲ ਮੀਡੀਆ ਵਰਤਦੇ ਹਨ। ਲੋਕ ਸੋਸ਼ਲ ਮੀਡੀਆ ਸੁਨੇਹੇ ਭੇਜਣ, ਤਸਵੀਰਾਂ ਲੈਣ ਅਤੇ ਇੱਕ ਦੂਜੇ ਨੂੰ ਵੀਡੀਓ ਭੇਜਣ ਲਈ ਵਰਤਦੇ ਹਨ। ਬੱਚੇ ਵੀ ਹੁਣ ਵੈਬਸਾਈਟਾਂ ਦੇ ਖਤਰਿਆਂ ਬਾਰੇ ਜਾਣਦੇ ਹਨ। ਉਹ ਆਪਣੀ ਨਿੱਜੀ ਜਾਣਕਾਰੀ ਕੇਵਲ ਜਾਣ ਪਛਾਣ ਵਾਲਿਆਂ ਨਾਲ ਹੀ ਸਾਂਝੀ ਕਰਦੇ ਹਨ। ਨੌਜਵਾਨ ਤਾਂ ਸੋਸ਼ਲ ਮੀਡੀਏ ਤੋਂ ਬਗੈਰ ਜ਼ਿੰਦਗੀ ਬਾਰੇ ਕਲਪਨਾ ਵੀ ਨਹੀਂ ਕਰ ਸਕਦੇ।

**0 6** **M1** ਮੈਂ ਪੰਜਾਬ ਫੇਰੀ ਦੌਰਾਨ ਦੇਖਿਆ ਕਿ ਕਈ ਪਿੰਡਾਂ ਵਿੱਚ ਅਜੇ ਵੀ ਬਰਸਾਤ ਦੇ ਮੌਸਮ ਵਿੱਚ ਬਹੁਤ ਮੀਂਹ ਪੈਣ ਨਾਲ ਛੱਪੜਾਂ ਵਿੱਚ ਇੱਕਠੇ ਹੋਏ ਪਾਣੀ ਨਾਲ ਇਨ੍ਹੇ ਮੱਛਰ ਪੈਦਾ ਹੋ ਜਾਂਦੇ ਨਾਲ ਜਿਸ ਨਾਲ ਲੋਕ ਬਹੁਤ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ।

**0 7** **M1** ਪੰਜਾਬ ਵਿੱਚ ਦਿਨੋਂ ਦਿਨ ਵੱਧ ਰਹੇ ਟਰੈਫਿਕ ਨਾਲ ਅਵਾਜ਼ ਦਾ ਪ੍ਰਦੂਸ਼ਨ ਵੀ ਬਹੁਤ ਵਧ ਗਿਆ ਹੈ। ਡਰਾਈਵਰ ਇੱਕ ਦੂਸਰੇ ਤੋਂ ਅਗੇ ਨਿਕਲਣ ਦੀ ਦੌੜ ਵਿੱਚ ਹਾਰਨ ਵਜਾਉਂਦੇ ਹਨ ਜਿਸ ਨਾਲ ਡਰਾਈਵਰਾਂ ਦਾ ਧਿਆਨ ਹੋਰ ਪਾਸੇ ਚਲਾ ਜਾਂਦਾ ਹੈ ਅਤੇ ਦੁਰਘਟਨਾਵਾਂ ਹੋ ਜਾਂਦੀਆਂ ਹਨ।

**0 8** **M1** ਪੰਜਾਬ ਵਿੱਚ ਖੇਤੀਬਾੜੀ ਤੇ ਵੀ ਖਤਰਾ ਮੰਡਰਾ ਰਿਹਾ ਹੈ ਕਿਉਂਕਿ ਪਾਣੀ ਦਾ ਪੱਧਰ ਥੱਲੇ ਜਾਣ ਕਰਕੇ ਜ਼ਮੀਨ ਇੰਨੀ ਖੁਸ਼ਕ ਹੋ ਗਈ ਹੈ ਕਿ ਫਸਲਾਂ ਦੀ ਸਿਚਾਂਈ ਲਈ ਪਾਣੀ ਦੀ ਘਾਟ ਹੋ ਰਹੀ ਹੈ।

**0 9** **F1** ਜਦੋਂ ਮੈਂ ਪਿਛਲੇ ਹਫਤੇ ਆਪਣੀਆਂ ਸਹੇਲੀਆਂ ਨਾਲ ਫਿਲਮ ਦੇਖਣ ਗਈ ਤਾਂ ਸਿਨਮੇ ਵਿੱਚ ਦਰਸ਼ਕ ਬਹੁਤ ਰੌਲਾ ਪਾ ਰਹੇ ਸਨ ਪਰ ਫਿਲਮ ਦਾ ਵਿਸ਼ਾ-ਵਸਤੂ ਮੈਨੂੰ ਬਹੁਤ ਪਸੰਦ ਆਇਆ। ਮੇਰੇ ਖਿਆਲ ਵਿੱਚ ਟਿਕਟਾਂ ਦੀ ਕੀਮਤ ਨਾ ਬਹੁਤ ਜ਼ਿਆਦਾ ਅਤੇ ਨਾ ਬਹੁਤ ਘੱਟ ਸੀ। ਫਿਲਮ ਵਿੱਚ ਵੱਖ ਵੱਖ ਤਿਉਹਾਰਾਂ ਦੇ ਦ੍ਰਿਸ਼ ਬਹੁਤ ਸੁੰਦਰ ਦਿਖਾਏ ਗਏ ਸਨ।

**1 0** **F1** ਮੇਰਾ ਨਾਂ ਹਰਨੀਤ ਹੈ। ਫੈਸ਼ਨ ਇੱਕ ਸੋਚਣ ਵਾਲਾ ਵਿਸ਼ਾ ਹੈ ਕਿਉਂਕਿ ਨੌਜਵਾਨ ਆਪਣੀ ਮਿਹਨਤ ਦੀ ਕਮਾਈ ਬੇਲੋੜੀਆਂ ਫੈਸ਼ਨਦਾਰ ਚੀਜ਼ਾਂ ਤੇ ਖਰਚ ਰਹੇ ਹਨ। ਦਿਲਬਰ ਤੁਹਾਡੇ ਕੀ ਵਿਚਾਰ ਹਨ?

**M2** ਫੈਸ਼ਨ ਨੇ ਬਹੁਤ ਸਾਰੀਆਂ ਨੌਕਰੀਆਂ ਪੈਦਾ ਕੀਤੀਆਂ ਹਨ ਜਿਸ ਨਾਲ ਪੰਜਾਬ ਦੇ ਲੋਕਾਂ ਦੀ ਆਰਥਿਕ ਹਾਲਤ ਸੁਧਰੀ ਹੈ। ਮਨਮੀਤ ਤੁਹਾਡਾ ਕੀ ਵਿਚਾਰ ਹੈ?

**F2** ਮੈਨੂੰ ਸਕੂਲ ਦੀ ਵਰਦੀ ਦੀ ਬਜਾਏ ਫੈਸ਼ਨਦਾਰ ਕਪੜੇ ਪਾਉਣਾ ਚੰਗਾ ਲਗਦਾ ਹੈ ਪ੍ਰੰਤੂ ਜਦੋ ਕੋਈ ਤੁਹਾਡੇ ਕਪੜੇ ਦੇਖ ਕੇ ਰੀਸ ਕਰਦਾ ਹੈ ਤਾਂ ਮੈਂ ਇਸ ਦਾ ਵਿਰੋਧ ਕਰਦੀ ਹਾਂ। ਹਰਮਨ ਤੁਹਾਡੀ ਕੀ ਰਾਏ ਹੈ?

**M1** ਫੈਸ਼ਨ ਸਾਡੇ ਵਾਤਾਵਰਣ ਤੇ ਮਾੜਾ ਅਸਰ ਪਾ ਰਿਹਾ ਹੈ ਕਿਉਂਕਿ ਲੋਕ ਫੈਸ਼ਨਦਾਰ ਚੀਜ਼ਾਂ ਲਈ ਜਾਨਵਰਾਂ ਦੀ ਚਮੜੀ ਦੀ ਵਰਤੋਂ ਕਰਦੇ ਹਨ।

**1 1** **F1** ਬਹੁਤ ਸਾਰੇ ਪੰਜਾਬੀ ਪਰਿਵਾਰ ਕੁੜੀ ਦਾ ਜਨਮ ਤੇ ਹੋਣ ਤੇ ਖੁਸ਼ੀਆਂ ਮਨਾਉਣ ਲੱਗ ਪਏ ਹਨ ਕਿਉਂਕਿ ਮੈਨੂੰ ਲਗਦਾ ਹੈ ਕਿ ਕੁੜੀਆਂ ਮਾਪਿਆਂ ਦੀ ਮੁੰਡਿਆਂ ਨਾਲੋਂ ਜ਼ਿਆਦਾ ਦੇਖਭਾਲ ਕਰਦੀਆਂ ਹਨ। ਸਰਕਾਰ ਆਦਮੀ ਅਤੇ ਔਰਤਾਂ ਵਿੱਚ ਬਰਾਬਰਤਾ ਲਿਆਉਣ ਲਈ ਬਹੁਤ ਕੁਝ ਕਰ ਰਹੀ ਹੈ। ਪਰ ਅਜੇ ਵੀ ਕਈ ਨੌਕਰੀਆਂ ਤੇ ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਤਨਖਾਹ ਘੱਟ ਮਿਲਦੀ ਹੈ।

**1 2** **M1** ਰੂਪ, ਅੱਜ ਕਲ੍ਹ ਬੱਚਿਆਂ ਦੇ ਵੀਡੀਓ ਖੇਡਾਂ ਖੇਡਣ ਬਾਰੇ ਤੁਹਾਡੇ ਕੀ ਵਿਚਾਰ ਹਨ?

**M2** ਮਨਰਾਜ, ਮੇਰੇ ਖਿਆਲ ਵਿੱਚ ਇਹ ਬਹੁਤ ਚੰਗੀ ਗੱਲ ਹੈ ਕਿਉਂਕਿ ਬਹੁਤ ਸਾਰੀਆਂ ਵੀਡੀਓ ਖੇਡਾਂ ਵਿਦਿਅਕ ਹਨ ਜਿਨ੍ਹਾਂ ਨਾਲ ਬੱਚਿਆਂ ਦੇ ਗਿਆਨ ਵਿੱਚ ਵਾਧਾ ਹੁੰਦਾ ਹੈ ਪਰ ਲੜਾਈ ਵਾਲੀਆਂ ਖੇਡਾਂ ਖੇਡਣ ਨਾਲ ਉਨ੍ਹਾਂ ਦਾ ਸੁਭਾਅ ਗੁੱਸੇ ਵਾਲਾ ਬਣ ਜਾਂਦਾ ਹੈ, ਤੁਹਾਡੀ ਕੀ ਰਾਏ ਹੈ ਮਨਰਾਜ?

**M1** ਰੂਪ, ਬੱਚੇ ਪੜ੍ਹਾਈ ਕਰਨ ਦੀ ਬਜਾਏ ਘਰ ਵਿੱਚ ਹਰ ਵੇਲੇ ਵੀਡੀਓ ਖੇਡਾਂ ਖੇਡਦੇ ਰਹਿੰਦੇ ਹਨ ਜਿਸ ਨਾਲ ਉਹ ਪੜ੍ਹਾਈ ਵਿੱਚ ਪਿਛੇ ਰਹਿ ਜਾਂਦੇ ਹਨ ਪ੍ਰੰਤੂ ਬੱਚਿਆਂ ਨੂੰ ਸ਼ਰਾਰਤਾਂ ਕਰਨ ਦਾ ਮੌਕਾ ਨਹੀਂ ਮਿਲਦਾ।

**Turn over ▶**

**1 3** **F1** ਮੈਂ ਗੀਤ ਹਾਂ। ਮੈਂ ਵੱਡੇ ਪਰਿਵਾਰ ਵਿੱਚ ਰਹਿਣਾ ਪਸੰਦ ਨਹੀਂ ਕਰਦੀ। ਮੈਂ ਚਾਹੁੰਦੀ ਹਾਂ ਕਿ ਮੇਰਾ ਹੋਣ ਵਾਲਾ ਸਾਥੀ ਪਾਲਤੂ ਜਾਨਵਰਾਂ ਨੂੰ ਵੀ ਪਿਆਰ ਕਰੇ ਕਿਉਂਕਿ ਮੈਂ ਹਮੇਸ਼ਾ ਆਪਣੇ ਘਰ ਇੱਕ ਕੁੱਤਾ ਰੱਖਦੀ ਹਾਂ।

**M2** ਮੇਰਾ ਨਾਂ ਕਰਨ ਹੈ। ਮੈਂ ਫੌਜੀ ਬਣਨਾ ਚਾਹੁੰਦਾ ਹਾਂ ਇਸ ਕਰਕੇ ਮੇਰੀ ਹੋਣ ਵਾਲੀ ਸਾਥਣ ਨੂੰ ਮਹੀਨਿਆਂ ਬੱਧੀ ਘਰ ਵਿੱਚ ਇਕੱਲੀ ਰਹਿਣਾ ਪਵੇਗਾ ਕਿਉਂਕਿ ਮੈਂ ਆਪਣੀ ਸਾਥਣ ਨੂੰ ਨਾਲ ਨਹੀਂ ਲਿਜਾ ਸਕਦਾ।

**F2** ਮੈਂ ਜਸਮੀਤ ਹਾਂ। ਮੈਂ ਚਾਹੁੰਦੀ ਹਾਂ ਕਿ ਮੇਰਾ ਹੋਣ ਵਾਲਾ ਸਾਥੀ ਭਾਵੇਂ ਬਹੁਤ ਪੈਸੇ ਵਾਲਾ ਨਾ ਵੀ ਹੋਵੇ ਪਰ ਉਸ ਨੂੰ ਵਿਦੇਸ਼ ਘੁੰਮਣ ਫਿਰਨ ਦਾ ਸ਼ੌਕ ਜ਼ਰੂਰ ਹੋਵੇ।

**1 4** **M1** ਮੈਂ ਗੁਰਜੀਤ ਹਾਂ। ਮੈਂ ਰਾਤ ਨੂੰ ਸੌਣ ਤੋਂ ਪਹਿਲਾਂ ਕੋਈ ਵੀ ਡਰਾਵਣੀ ਜਾਂ ਲੜਾਈ ਵਾਲੀ ਫਿਲਮ ਨਹੀਂ ਦੇਖਦਾ। ਸੌਣ ਤੋਂ ਪਹਿਲਾਂ ਹਮੇਸ਼ਾ ਮੈਨੂੰ ਕਿਤਾਬ ਪੜ੍ਹਨ ਨਾਲ ਨੀਂਦ ਆ ਜਾਂਦੀ ਹੈ। ਰੀਟਾ ਤੁਸੀਂ ਕੀ ਕਰਦੇ ਹੋ?

**F1** ਮੈਂ ਵਧੀਆਂ ਨੀਂਦ ਲਈ ਰਾਤ ਨੂੰ ਸੌਣ ਤੋਂ ਪਹਿਲਾਂ ਗਰਮ ਪਾਣੀ ਨਾਲ ਇਸ਼ਨਾਨ ਕਰਦੀ ਹਾਂ ਅਤੇ ਆਪਣੇ ਕਮਰੇ ਦਾ ਤਾਪਮਾਨ ਚੈਕ ਕਰਦੀ ਹਾਂ। ਤੁਸੀਂ ਵੀ ਦੱਸੋ, ਟੀਨਾ।

**F2** ਮੈਂ ਵਧੀਆ ਨੀਂਦ ਲਈ ਸੌਣ ਤੋਂ ਪਹਿਲਾਂ ਭਾਰਾ ਅਤੇ ਦੇਰ ਨਾਲ ਖਾਣਾ ਖਾਣ ਤੋਂ ਪ੍ਰਹੇਜ਼ ਕਰਦੀ ਹਾਂ।

**1 5** **F2** ਮੈਂ ਵਕਾਲਤ ਦੀ ਪੜ੍ਹਾਈ ਖਤਮ ਕਰਕੇ ਆਪਣਾ ਕਾਰੋਬਾਰ ਖੋਲ੍ਹਣਾ ਚਾਹੁੰਦੀ ਹਾਂ ਕਿਉਂਕਿ ਮੈਂ ਉਨ੍ਹਾਂ ਲੋਕਾਂ ਦੀ ਸਹਾਇਤਾ ਕਰਨਾ ਚਾਹੁੰਦੀ ਹਾਂ ਜੋ ਕੇਸ ਲੜਨ ਲਈ ਪੈਸੇ ਦੀ ਘਾਟ ਕਰਕੇ ਇਨਸਾਫ ਤੋਂ ਵਾਂਝੇ ਰਹਿ ਜਾਂਦੇ ਹਨ ਅਤੇ ਇਸ ਦੇ ਨਾਲ ਨਾਲ ਮੈਂ ਆਪਣੀ ਮਨਮਰਜ਼ੀ ਮੁਤਾਬਿਕ ਕੰਮ ਦੇ ਘੰਟੇ ਵੀ ਚੁਣ ਸਕਾਂਗੀ ਸਭ ਤੋਂ ਪਹਿਲਾਂ ਮੈਂ ਵਕਾਲਤ ਦਾ ਦਫਤਰ ਖੋਲ੍ਹਣ ਲਈ ਸਹੀ ਥਾਂ ਲੱਭਾਂਗੀ ਪ੍ਰੰਤੂ ਏਨੇ ਸਾਰੇ ਪੈਸਿਆਂ ਦਾ ਪ੍ਰਬੰਧ ਕਰਨ ਮੁਸ਼ਕਲ ਹੋਵੇਗਾ ਇਸ ਲਈ ਮੈਨੂੰ ਕਰਜ਼ਾ ਵੀ ਲੈਣਾ ਪਵੇਗਾ। ਕਾਰੋਬਾਰ ਦੀ ਮਸ਼ਹੂਰੀ ਲਈ ਸੋਸ਼ਲ ਮੀਡੀਆ ਤੇ ਇਸ਼ਤਿਹਾਰ ਦੇਣ ਲਈ ਮੇਰਾ ਭਰਾ ਮੇਰੀ ਮਦਦ ਕਰੇਗਾ।

## Section B

Questions and answers in **Panjabi**.

**1 6** **F1** ਮੈਂ ਮੈਹਰ ਹਾਂ। ਪੰਜਾਬ ਵਿੱਚ ਬਹੁਤ ਲੋਕ ਜੋ ਬਹੁਤ ਗਰੀਬ ਹਨ ਰਾਤਾਂ ਨੂੰ ਸੜਕਾਂ ਤੇ ਸੌਂਦੇ ਹਨ। ਸਰਕਾਰ ਨੂੰ ਇਸ ਸਮੱਸਿਆ ਦੇ ਹੱਲ ਲਈ ਕਦਮ ਉਠਾਉਣੇ ਚਾਹੀਦੇ ਹਨ।

**M2** ਮੇਰਾ ਨਾਂ ਪਰਮ ਹੈ। ਰੰਗ, ਨਸਲ ਅਤੇ ਧਰਮ ਵਿੱਚ ਫਰਕ ਕਰਨਾ ਗੈਰ ਕਾਨੂੰਨੀ ਹੈ ਪਰ ਫਿਰ ਵੀ ਇਹ ਦਿਨੋ ਦਿਨ ਵਧ ਰਿਹਾ, ਸਾਨੂੰ ਇਨ੍ਹਾਂ ਮੁਸ਼ਕਲਾਂ ਬਾਰੇ ਕੁਝ ਕਰਨਾ ਚਾਹੀਦਾ ਹੈ।

**1 7** **M2** ਤੁਸੀਂ ਆਪਣੀ ਆਉਣ ਵਾਲੀ ਜ਼ਿੰਦਗੀ ਬਾਰੇ ਕੀ ਸੋਚਿਆ ਹੈ ?

**F2** ਮੇਰੀ ਮਨਪਸੰਦ ਨੌਕਰੀ ਪੱਤਰਕਾਰ ਦੀ ਹੈ। ਮੈਂ ਪੰਜਾਬੀ ਦੀ ਅਖਬਾਰ ਲਈ ਕੰਮ ਕਰਨਾ ਚਾਹੁੰਦੀ ਹਾਂ ਕਿਉਂਕਿ ਮੈਂ ਸਕੂਲ ਵਿੱਚ ਪੰਜਾਬੀ ਭਾਸ਼ਾ ਪੜ੍ਹੀ ਹੈ।

**M2** ਵਿਆਹ ਕਰਾਉਣ ਬਾਰੇ ਤੁਹਾਡਾ ਕੀ ਵਿਚਾਰ ਹੈ ?

**F2** ਮੈਂ ਭਵਿੱਖ ਵਿੱਚ ਵਿਆਹ ਵੀ ਕਰਵਾ ਲਵਾਂਗੀ ਪਰ ਪਹਿਲਾਂ ਮੈਂ ਆਪਣੇ ਨੌਕਰੀ ਵਲ ਪੂਰਾ ਧਿਆਨ ਦੇਣਾ ਚਾਹੁੰਦੀ ਹਾਂ।

**1 8** **M1** ਜਸਪ੍ਰੀਤ ਕੀ ਤੁਹਾਨੂੰ ਕੋਈ ਨੌਕਰੀ ਮਿਲ ਗਈ ਹੈ ?

**F1** ਅਜੇ ਨਹੀਂ, ਮੈਨੂੰ ਅਖਬਾਰ ਦੇ ਦਫਤਰ ਤੋਂ ਇੱਕ ਬਹੁਤ ਵਧੀਆ ਨੌਕਰੀ ਦੀ ਪੇਸ਼ਕਸ਼ ਤਾਂ ਆਈ ਹੈ ਜੋ ਘਰ ਤੋਂ ਕਾਫੀ ਦੂਰ ਹੈ ਜਿਸ ਲਈ ਮੈਨੂੰ ਕਾਰ ਸਿੱਖਣੀ ਪਵੇਗੀ। ਗੁਰਜੀਤ, ਤੁਸੀਂ ਨੌਕਰੀ ਲੱਭਣ ਲਈ ਕੀ ਕਰ ਰਹੇ ਹੋ ?

**M1** ਜਸਪ੍ਰੀਤ, ਮੈਂ ਆਪਣੇ ਚਾਚਾ ਜੀ ਨੂੰ ਉਨ੍ਹਾਂ ਦੇ ਦਫਤਰ ਵਿੱਚ ਅਸਥਾਈ ਕੰਮ ਲਈ ਪੁੱਛਿਆ ਹੈ ਜਿਸ ਨਾਲ ਮੈਨੂੰ ਕੁਝ ਜੇਬ ਖਰਚ ਲਈ ਪੈਸੇ ਮਿਲ ਜਾਣਗੇ ਅਤੇ ਮੈਂ ਹਫਤੇ ਵਿੱਚ ਦੋ ਵਾਰ ਰੁਜ਼ਗਾਰ ਵਾਲੇ ਦਫਤਰ ਵਿੱਚ ਕੰਮ ਦੀ ਤਲਾਸ਼ ਲਈ ਜਾਂਦਾ ਹਾਂ।

**1 9** **F2** ਪਿਛਲੀਆਂ ਛੁੱਟੀਆਂ ਵਿੱਚ ਮੈਂ ਪਹਿਲੀ ਵਾਰ ਸਮੁੰਦਰੀ ਜਹਾਜ਼ ਵਿੱਚ ਯੋਰਪ ਗਈ ਸੀ ਜਿਹੜਾ ਛੋਟੇ ਜਿਹੇ ਪਿੰਡ ਵਾਂਗ ਸੀ ਇਸ ਵਿੱਚ ਹਰ ਤਰ੍ਹਾਂ ਦੀਆਂ ਸਹੂਲਤਾਂ ਸਨ ਸਫਰ ਬਹੁਤ ਲੰਬਾ ਹੋਣ ਅਤੇ ਮੌਸਮ ਖਰਾਬ ਹੋਣ ਕਰਕੇ ਮੈਨੂੰ ਚੱਕਰ ਅਤੇ ਉਲਟੀਆਂ ਆਉਣ ਲੱਗ ਪਏ ਸਨ। ਅਰਜਨ, ਛੁੱਟੀਆਂ ਵਿੱਚ ਤੁਹਾਡਾ, ਸਫਰ ਕਰਨ ਦਾ ਤਜਰਬਾ ਕਿਸ ਤਰ੍ਹਾਂ ਦਾ ਸੀ ?

**M2** ਮੈਂ ਈਸਟਰ ਦੀਆਂ ਛੁੱਟੀਆਂ ਵਿੱਚ ਆਪਣੇ ਮਾਮਾ ਜੀ ਕੋਲ ਸਵਿਟਜ਼ਰਲੈਂਡ ਗਿਆ ਸੀ। ਮੈਂ ਹਮੇਸ਼ਾ ਹਵਾਈ ਜਹਾਜ਼ ਵਿੱਚ ਜਾਂਦਾ ਹਾਂ ਕਿਉਂਕਿ ਸਫਰ ਜਲਦੀ ਖਤਮ ਹੋ ਜਾਂਦਾ ਹੈ ਅਤੇ ਮਜ਼ਾ ਵੀ ਬਹੁਤ ਆਉਂਦਾ ਹੈ। ਹਵਾਈ ਅੱਡੇ ਤੋਂ ਅਸੀਂ ਟਰਾਮ ਵਿੱਚ ਸਫਰ ਕੀਤਾ ਜੋ ਕਿ ਇੱਕ ਬਹੁਤ ਅਨੋਖਾ ਸਫਰ ਸੀ।

**END OF TEST**

**There are no texts printed on this page**

**There are no texts printed on this page**

**There are no texts printed on this page**

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2020 AQA and its licensors. All rights reserved.